# ਪੰਜਾਬੀ ਯੂਨੀਵਰਸਿਟੀ, ਪਟਿਆਲਾ

(1961 ਦੇ ਪੰਜਾਬ ਐਕਟ ਨੰ: 35 ਤਹਿਤ ਸਥਾਪਤ)

## ਕੰਟਰੋਲਰ (ਪ੍ਰੀਖਿਆਵਾਂ) ਦਫਤਰ

ਨੰ. 5918 /ਸੀ.ਓ.ਈ.

ਮਿਤੀ 15/06/2023

ਸਮੂਹ ਵਿਭਾਗਾਂ ਦੇ ਮੁਖੀ ਸਾਹਿਬਾਨ,
ਸਮੂਹ ਕੰਸਟੀਚਿਊਟ ਕਾਲਜ/ਨੇਬਰਹੁੱਡ ਕੈਂਪਸ ਅਤੇ
ਕਾਲਜਾਂ ਦੇ ਪ੍ਰਿੰਸੀਪਲ/ਇੰਚਾਰਜ਼/ਕੋਆਰਡੀਨੇਟਰ ਸਾਹਿਬਾਨ,

ਜਿੰਨਾਂ ਰੈਗੂਲਰ ਵਿਦਿਆਰਥੀਆਂ ਨੇ ਗੈਪ ਸਮੈਸਟਰ ਦੇ ਪ੍ਰੀਖਿਆ ਫਾਰਮ ਆਪਣੇ ਪੱਧਰ ਤੇ ਹੀ ਪ੍ਰਾਈਵੇਟ, ਰੀ-ਅਪੀਅਰ ਵੱਖ-ਵੱਖ ਕੋਰਸਾਂ ਵਿੱਚ ਭਰੇ ਸਨ। ਉਨਾਂ ਬਾਰੇ ਮਿਤੀ 17-04-2023 ਨੂੰ ਬਾਅਦ ਦੁਪਹਿਰ 03-30 ਸਟੈਂਡਿੰਗ ਕਮੇਟੀ ਦੀ ਇਕੱਤਰਤਾ ਹੋਈ। ਕਮੇਟੀ ਵੱਲੋਂ ਵਿਦਿਆਰਥੀਆਂ ਦੀ ਗ੍ਰੈਜੂਏਸ਼ਨ ਦੀ ਡਿਗਰੀ ਰੈਗੂਲਰ ਮੋਡ ਵਿੱਚ ਹੀ ਪੂਰੀ ਕਰਨ ਦਾ ਫੈਸਲਾ ਲਿਆ ਕਿ ਇਹੋ ਜਿਹੇ ਵਿਦਿਆਰਥੀ ਜੇਕਰ ਕਾਲਜਾਂ ਦੀਆਂ ਸ਼ਰਤਾਂ ਪੂਰੀਆਂ ਨਹੀਂ ਕਰਦੇ, ਤਾਂ ਉਹ ਰੈਗੂਲਰ/ਰੀ-ਅਪੀਅਰ ਕਪੈਸਟੀ ਵਿੱਚ ਪੂਰੇ ਵਿਸ਼ਿਆਂ ਦਾ ਪ੍ਰੀਖਿਆ ਫਾਰਮ ਆਪਣੇ ਪੱਧਰ ਤੇ ਨਹੀਂ ਭਰ ਸਕਦੇ।

ਵਾਈਸ-ਚਾਂਸਲਰ ਸਾਹਿਬ ਵਲੋਂ ਗਠਿਤ ਕਮੇਟੀ ਨੇ ਜਿਹੜਾ ਫੈਸਲਾ ਲਿਆ ਗਿਆ ਸੀ, ਉਸ ਵਿੱਚ ਕਈ ਸਮੱਸਿਆਵਾਂ ਆਉਣ ਕਾਰਨ ਉਹ ਕੇਸ ਮੁੜ ਸਟੈਂਡਿੰਗ ਕਮੇਟੀ ਦੀ ਇਕੱਤਰਤਾ ਵਿੱਚ ਵਿਚਾਰਿਆ ਗਿਆ। ਜਿਸ ਵਿੱਚ ਸੋਧ ਕਰਦੇ ਹੋਏ ਕਿ ਜੇਕਰ ਉਨਾਂ ਵਿਦਿਆਰਥੀਆਂ ਨੇ ਕਾਲਜ ਵਿੱਚ ਰੈਗੂਲਰ ਕਲਾਸਾਂ/ਹਾਊਸ ਟੈਸਟ ਅਤੇ ਪ੍ਰੈਕਟੀਕਲ ਅਟੈਂਡ ਕੀਤੇ ਹਨ ਤਾਂ ਕਾਲਜ ਵੱਲੋਂ ਉਨਾਂ ਵਿਦਿਆਰਥੀ ਦੀ ਇੰਟਰਨਲ ਅਸੈਸਮੈਂਟ ਪ੍ਰਾਪਤ ਹੋਣ ਉਪਰੰਤ, ਉਹ ਥਿਊਰੀ ਪੇਪਰ ਲਈ ਗੈਪ ਈਅਰ ਦਾ ਸ਼ਡਿਊਲ ਅਨੁਸਾਰ ਕਾਲਜ ਰਾਹੀਂ ਰੈਗੂਲਰ ਪ੍ਰੀਖਿਆ ਫਾਰਮ + ਪ੍ਰੀਖਿਆ-ਫ਼ੀਸ + 5000/- (ਪੰਜ ਹਜ਼ਾਰ ਰੁਪਏ) ਜੁਰਮਾਨਾ ਫ਼ੀਸ ਨਾਲ ਯੂਨੀਵਰਸਿਟੀ ਪ੍ਰੀਖਿਆਵਾਂ ਵਿੱਚ ਅਪੀਅਰ ਹੋ ਸਕਦੇ ਹਨ।

15/6/23

ਕੰਟਰੋਲਰ (ਪ੍ਰੀਖਿਆਵਾਂ)